# ਜ਼ਿਲ੍ਹੇ 'ਚ 143 ਨਵੇਂ ਕੋਰੋਨਾ ਪੀੜਤ ਆਏ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ) - ਪਿਛਲੇ ਦਿਨਾਂ ਤੋਂ ਨਿਰੰਤਰ ਵਧਦੇ ਕੋਰੋਨਾ ਕੇਸਾਂ ਤਹਿਤ ਅੱਜ 143 ਹੋਰ ਵਿਅਕਤੀਆਂ ਦੀ ਕੋਵਿਡ ਰਿਪੋਰਟ ਪਾਜ਼ੀਟਿਵ ਆਈ ਹੈ ਜਿਨ੍ਹਾਂ 'ਚੋਂ ਪਟਿਆਲਾ ਸ਼ਹਿਰ ਨਾਲ 131, ਨਾਭਾ 1, ਰਾਜਪੁਰਾ 3, ਬਲਾਕ ਭਾਦਸੋਂ ਤੋਂ 1, ਬਲਾਕ ਕੋਲੀ 1 ਬਲਾਕ ਕਾਲੋਮਾਜਰਾ 1 ਬਲਾਕ ਹਰਪਾਲਪੁਰ 1 ਅਤੇ ਬਲਾਕ ਦੁਧਨਸਾਧਾ ਨਾਲ 4 ਕੇਸ ਸਬੰਧਿਤ ਹਨ। ਹੁਣ ਤੱਕ ਪਟਿਆਲਾ ਜ਼ਿਲ੍ਹੇ ਦੇ 47669 ਇਸ ਮਹਾਂਮਾਰੀ ਦੀ ਲਪੇਟ 'ਚ ਆਏ ਹਨ। ਇਸ ਸਮ ਜ਼ਿਲ੍ਹੇ 'ਚ ਕੋਵਿਡ ਦੇ ਮੌਜੂਦਾ ਕੇਸਾਂ ਦੀ ਗਿਣਤੀ 491 ਹੋ ਗਈ ਹੈ ।ਦੂਜੇ ਬੰਨ੍ਹ ਹੁਣ ਤੱਕ ਜ਼ਿਲ੍ਹੇ ਦੇ 1364 ਵਿਅਕਤੀ ਦੀ ਇਸ ਮਹਾਂਮਾਰੀ ਨਾਲ ਜਾਨ ਵੀ ਚਲੀ ਗਈ ਹੈ । ਇਸ ਦੀ ਪੁਸ਼ਟੀ ਕਰਦਿਆਂ ਸਿਵਲ ਸਰਜਨ ਡਾ. ਪ੍ਰਿੰਸ ਸੋਢੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਜ਼ਿਆਦਾਤਰ ਪਾਜ਼ੀਟਿਵ ਕੇਸ ਚਰਨ ਬਾਗ, ਨਿਊ ਲਾਲ ਬਾਗ, ਮਜੀਠੀਆਂ ਐਨਕਲੇਵ, ਡੀ.ਐਮ.ਡਬਲਿਊ, ਐਸ.ਐਸ.ਟੀ. ਨਗਰ, ਰਾਜਿੰਦਰਾ ਹਸਪਤਾਲ ਦੇ ਹੋਸਟਲ, ਮਾਡਲਟਾਊਨ, ਫਰੈਂਡਜ ਕਲੋਨੀ, ਪੰਜਾਬੀ ਬਾਗ ਆਦਿ ਏਰੀਏ 'ਚੋਂ ਪਾਏ ਗਏ ਹਨ। ਇਸ ਸਮੇਂ ਐਕਟਿਵ ਕੇਸਾਂ 'ਚੋਂ 17 ਮਰੀਜ਼ ਹਸਪਤਾਲ 'ਚ ਦਾਖਲ ਹਨ ਤੇਂ ਬਾਕੀ ਸਾਰੇ ਆਪਣੇ ਆਪਣੇ ਘਰਾਂ ਵਿਚ ਆਈਸੋਲੇਟ ਹਨ ਤੇਂ ਸਿਹਤ ਵਿਭਾਗ ਦੀ ਨਿਗਰਾਨੀ 'ਚ ਹਨ। ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿਚ 3556 ਵਿਦੇਸ਼ੀ ਯਾਤਰੀ ਆਏ ਹਨ। ਇਨ੍ਹਾਂ ਯਾਤਰੀਆਂ ਵਿਚੋਂ ਹਾਈ ਰਿਸਕ ਦੇਸ਼ਾਂ 'ਚੋਂ ਆਏ 456 ਯਾਤਰੀਆਂ 'ਚੋਂ 8 ਦਿਨ ਦਾ ਸਮਾਂ ਪੂਰਾ ਹੋਣ ਉਪਰੰਤ 259 ਦੇ ਕੋਵਿਡ ਟੈਸਟ ਕਰਵਾਏ ਗਏ ਹਨ। ਜਿਨ੍ਹਾਂ 'ਚੋਂ ਹੁਣ ਤੱਕ ਕੇਵਲ ਦੋ ਹੀ ਕੋਵਿਡ ਪਾਜ਼ੀਟਿਵ ਪਾਏ ਗਏ ਹਨ। ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਵੀਨੂੰ ਗੋਇਲ ਨੇ ਦੱਸਿਆ ਕਿ ਅੱਜ ਜ਼ਿਲ੍ਹੇ 'ਚ ਟੀਕਾਕਰਨ ਕੈਂਪਾਂ 'ਚ 7607 ਨਾਗਰਿਕਾਂ ਵਲੋਂ ਕੋਵਿਡ ਵੈਕਸੀਨ ਦੇ ਟੀਕੇ ਲਗਵਾਏ ਗਏ ਜਿਸ ਨਾਲ ਜ਼ਿਲ੍ਹੇ 'ਚ ਕੋਵਿਡ ਟੀਕਾਕਰਨ ਦੀ ਗਿਣਤੀ 16 ਲੱਖ 64 ਹਜ਼ਾਰ 764 ਹੋ ਗਈ ਹੈ। ਕੱਲ ਮਿਤੀ 4 ਜਨਵਰੀ ਦਿਨ ਮੰਗਲਵਾਰ ਨੂੰ 18 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਦਾ ਕੋਵੀਸ਼ੀਲਡ ਕੋਵਿਡ ਵੈਕਸੀਨ ਨਾਲ ਪਟਿਆਲਾ ਸ਼ਹਿਰ ਦੇ ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਮਾਡਲ ਟਾਊਨ, ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਤ੍ਰਿਪੜੀ, ਸਰਕਾਰੀ ਰਾਜਿੰਦਰਾ ਹਸਪਤਾਲ, 'ਚ ਵੀ ਕੋਵਿਡ ਟੀਕਾਕਰਨ ਕੀਤਾ ਜਾਵੇਗਾ। ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਇੰਟਰਨੈਸ਼ਨਲ ਸਟੂਡੈਂਟਸ/ ਟ੍ਰੈਵਲਰਜ ਨੂੰ ਪਹਿਲੀ ਡੋਜ਼ ਦੇ 28 ਦਿਨਾਂ ਬਾਅਦ ਕੋਵੀਸ਼ੀਲਡ ਵੈਕਸੀਨ ਦੀ ਦੂਸਰੀ ਡੋਜ਼ ਵੀ ਲਗਾਈ ਜਾਵੇਗੀ। ਉਪਰੋਕਤ ਤੋਂ ਇਲਾਵਾ 15 ਤੋਂ 18 ਸਾਲ ਤੱਕ ਦੇ ਬੱਚਿਆਂ ਦਾ ਕੋਵੈਕਸੀਨ ਵੈਕਸੀਨ ਨਾਲ ਪਟਿਆਲਾ ਸ਼ਹਿਰ 'ਚ ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਮਾਡਲ ਟਾਊਨ, ਅਨੈਕਸੀ ਕਮਿਊਨਿਟੀ ਸਿਹਤ ਕੇਂਦਰ ਤ੍ਰਿਪੜੀ, ਸਮਾਣਾ ਦੇ ਸਬ ਡਵੀਜ਼ਨ ਹਸਪਤਾਲ, ਨਾਭਾ ਦੇ ਸਬ ਡਵੀਜ਼ਨ ਹਸਪਤਾਲ, ਰਾਜਪੁਰਾ ਦੇ ਸਿਵਲ ਹਸਪਤਾਲ ਤੋਂ ਇਲਾਵਾ ਬਲਾਕ ਕੋਲੀ, ਭਾਦਸੋਂ, ਕਾਲੋਮਾਜਰਾ, ਹਰਪਾਲਪੁਰ, ਦੁਧਨਸਾਧਾਂ, ਸ਼ੁਤਰਾਣਾਂ 'ਚ ਕੋਵਿਡ ਟੀਕਾਕਰਨ ਕੀਤਾ ਜਾਵੇਗਾ।

## ਸਿਵਲ ਹਸਪਤਾਲ 'ਚ ਟੀਕਾਕਰਨ ਮੌਕੇ ਸਮਾਜਿਕ ਦੂਰੀ ਦੀਆਂ ਉੱਡੀਆਂ ਧੱਜੀਆਂ



ਹਮ ਨਹੀਂ ਸੁਧਰੇਂਗੇ-ਸਿਵਲ ਹਸਪਤਾਲ ਵਿਖੇ ਟੀਕਾਕਰਨ ਲਈ ਹੋਏ ਲੋਕਾਂ ਦੀ ਭੀੜ ਸ਼ਾਇਦ ਇਹੀ ਕਹਿ ਰਹੀ ਹੈ। ਤਸਵੀਰ : ਰਣਜੀਤ ਸਿੰਘ

ਰਾਜਪੁਰਾ, 3 ਜਨਵਰੀ (ਰਣਜੀਤ ਸਿੰਘ) - ਅੱਜ ਸਿਵਲ ਹਸਪਤਾਲ ਵਿਖੇ ਬੱਚੇ ਬਜ਼ੁਰਗ ਅਤੇ ਔਰਤਾਂ ਵੱਡੀ ਗਿਣਤੀ 'ਚ ਕੋਰੋਨਾ ਮਹਾਂਮਾਰੀ ਤੋਂ ਬਚਾਅ ਲਈ ਟੀਕੇ ਲਗਵਾਉਣ ਆਏ ਹੋਏ ਸਨ ਪਰ ਹਰ ਪਾਸੇ ਅੰਤਾਂ ਦੀ ਭੀੜ ਸੀ ਅਤੇ ਸੋਸ਼ਲ ਡਿਸਟੈਂਸ ਦੀਆਂ ਧੱਜੀਆਂ ਉੱਡਦੀਆਂ ਵਿਖਾਈ ਦੇ ਰਹੀਆਂ ਸਨ। ਜਦ ਕਿ ਪਹਿਲਾਂ ਹੀ ਸ਼ਹਿਰ 'ਚ ਕੋਰੋਨਾ ਮਹਾਂਮਾਰੀ ਦੁਬਾਰਾ ਤੋਂ ਪੈਰ ਪਸਾਰਦੀ ਜਾ ਰਹੀ ਹੈ। ਜਾਣਕਾਰੀ ਮੁਤਾਬਿਕ ਅੱਜ ਤੋਂ ਪੰਜਾਬ ਸਰਕਾਰ ਵਲੋਂ ਅੱਜ 15 ਸਾਲ ਜਾਂ ਇਸ ਤੋਂ ਉੱਪਰ ਦੀ ਉਮਰ ਦੇ ਲੋਕਾਂ ਦੇ ਕੋਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਟੀਕਾਕਰਨ ਸ਼ੁਰੂ ਕੀਤਾ ਗਿਆ ਹੈ। ਸਿਵਲ ਹਸਪਤਾਲ 'ਚ ਸੈਕੜੇ ਹੀ ਲੋਕ ਅਤੇ ਬੱਚੇ ਟੀਕਾ ਲਗਵਾਉਣ ਲਈ ਆਏ ਹੋਏ ਸਨ ਪਰ ਇਥੇ ਪ੍ਰਸ਼ਾਸ਼ਨ ਵਲੋ ਕੋਈ ਵੀ ਪੁਖਤਾ ਪ੍ਰਬੰਧ ਵੇਖਣ ਨੂੰ ਨਹੀਂ ਮਿਲੇ। ਟਾਵੇ-ਟਾਵੇ ਲੋਕਾਂ ਨੂੰ ਛੱਡ ਕੇ ਕਿਸੇ ਨੇ ਮਾਸਕ ਨਹੀਂ ਪਾਇਆ ਸੀ ਅਤੇ ਸੋਸ਼ਲ ਡਿਸਟੈਂਸ ਨਾ ਦੀ ਕੋਈ ਵੀ ਚੀਜ ਇਥੇ ਵੇਖਣ ਨੂੰ ਨਹੀਂ ਮਿਲੀ, ਹਰ ਪਾਸੇ ਅੰਤਾਂ ਦੀ ਭੀੜ ਵਿਖਾਈ ਦੇ ਰਹੀ ਸੀ। ਸੋਸ਼ਲ ਡਿਸਟੈਂਸ ਦੇ ਬੋਰਡ ਕੰਧਾਂ 'ਤੇ ਲੱਗੇ ਜਰੂਰ ਵਿਖਾਈ ਦਿੱਤੇ ਪਰ ਇਸ ਗੱਲ 'ਤੇ ਕੋਈ ਵੀ ਅਮਲ ਨਹੀਂ ਕਰ ਰਿਹਾ ਸੀ। ਇਸ ਸਬੰਧੀ ਹਸਪਤਾਲ 'ਚ ਟੀਕਾ ਲਾ ਰਹੇ ਸਟਾਫ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਕਰੀਬ ਇਕ ਹਜਾਰ ਲੋਕਾਂ ਦੇ ਟੀਕਾ ਲੱਗ ਗਿਆ ਹੈ ਅਤੇ ਜੇਕਰ ਲੋਕਾਂ ਨੇ ਸਾਥ ਦਿੱਤਾ ਤਾਂ ਫਿਰ ਸਾਰਿਆਂ ਦੇ ਹੀ ਟੀਕੇ ਲਾ ਦਿੱਤੇ ਜਾਣਗੇ।



ਜਬਰ ਜਨਾਹ ਪੀੜਤਾ ਦੇ ਪਰਿਵਾਰਕ ਮੈਂਬਰ ਚੌਕ 'ਚ ਆਵਾਜਾਈ ਜਾਮ ਕਰਕੇ ਰੋਸ ਪ੍ਰਦਰਸ਼ਨ ਕਰਦੇ ਹੋਏ। ਤਸਵੀਰ : ਵਰੁਣ ਸੈਣੀ

## ਜਬਰ ਜਨਾਹ ਦੇ ਮਾਮਲੇ 'ਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣ ਦੇ ਵਿਰੋਧ 'ਚ ਪੀੜਤ ਪਰਿਵਾਰ ਨੇ ਜਾਮ ਕੀਤਾ ਬੱਸ ਅੱਡਾ ਚੌਕ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ) - ਲੰਘੇ ਵਰ੍ਹੇ 10 ਸਾਲਾ ਬੱਚੀ ਨਾਲ ਜਬਰ ਜਨਾਹ ਮਾਮਲੇ 'ਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਾਲ ਕਰਨ ਦੇ ਰੋਸ ਵਜੋਂ ਪੀੜਤ ਪਰਿਵਾਰ ਨੇ ਅੱਜ ਪਟਿਆਲਾ ਸ਼ਹਿਰ ਦੇ ਬੱਸ ਅੱਡਾ ਚੌਕ 'ਚ ਰੋਕ ਕੇ ਪਟਿਆਲਾ ਪੁਲਿਸ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ। ਇਸ ਦੌਰਾਨ ਧਰਨਾਕਾਰੀਆਂ ਦੀ ਰਾਹੀਗਰਾਂ ਨਾਲ ਹੱਥਪਾਈ ਵੀ ਹੁੰਦੇ ਦੇਖੇ ਗਏ। ਇਸ ਦੌਰਾਨ ਧਰਨਾਕਾਰੀਆਂ ਦਾ ਕਹਿਣਾ ਸੀ ਕਿ 10 ਸਾਲਾ ਬੱਚੀ ਦੇ ਜਬਰ ਜਨਾਹ ਕਰਨ ਤੋਂ ਬਾਅਦ ਵੀ ਮੁਲਜ਼ਮ ਹਾਲੇ ਪੁਲਿਸ ਦੀ ਗ੍ਰਿਫ਼ਤਾਰੀ ਤੋਂ ਬਾਹਰ ਹਨ। ਇਸ ਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਪਟਿਆਲਾ ਪੁਲਿਸ ਲੋਕਾਂ ਦੇ ਮਸਲੇ ਕਿਵੇਂ ਹੱਲ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਮੁਲਜ਼ਮਾਂ ਨੂੰ ਕਾਬੂ ਨਹੀਂ ਕੀਤਾ ਤਾਂ ਉਹ ਆਪਣਾ ਸੰਘਰਸ਼ ਤੇਜ ਕਰਨਗੇ। ਇਸ ਸੰਬੰਧੀ ਸੰਪਰਕ ਕਰਨ 'ਤੇ ਥਾਣਾ ਲਹੋਰੀ ਗੇਟ ਦੇ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਬੱਚੀ ਦੇ ਜਬਰ ਜਨਾਹ ਦੇ ਮਾਮਲੇ 'ਚ ਲੰਘੇ ਵਰ੍ਹੇ ਪੁਲਿਸ ਵਲੋਂ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਤਹਿਤ ਲੋੜੀਂਦੇ ਮੁਲਜ਼ਮ ਨਾਬਾਲਗ ਹਨ ਅਤੇ ਕਾਫੀ ਸਮੇਂ ਤੋਂ ਫਰਾਰ ਹਨ। ਉਨ੍ਹਾਂ ਕਿਹਾ ਕਿ ਪੁਲਿਸ ਉਕਤ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ।



ਪਟਿਆਲਾ ਦੇ ਮਿੰਨੀ ਸਕੱਤਰੇਤ ਦੇ ਮੁੱਖ ਗੇਟ ਨੂੰ ਬੰਦ ਕਰਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਕਿਸਾਨ। ਤਸਵੀਰ : ਵਰੁਣ ਸੈਣੀ

## ਕਿਸਾਨਾਂ ਨੇ ਮਿੰਨੀ ਸਕੱਤਰੇਤ ਦਾ ਮੁੱਖ ਗੇਟ ਅਣਮਿੱਥੇ ਸਮੇਂ ਲਈ ਕੀਤਾ ਬੰਦ

ਪਟਿਆਲਾ, 3 ਜਨਵਰੀ (ਅ.ਸ. ਆਹਲੂਵਾਲੀਆ) - ਪਿਛਲੀ 20 ਦਸੰਬਰ ਤੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਮਿੰਨੀ ਸਕੱਤਰੇਤ ਦੇ ਬਾਹਰ ਧਰਨੇ 'ਤੇ ਬੈਠੇ ਕਿਸਾਨਾਂ ਵਲੋਂ ਅੱਜ ਇਸ ਦੇ ਸਾਰੇ ਗੇਟ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੇ ਗਏ। ਕਿਸੇ ਵੀ ਮੁਲਾਜ਼ਮ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਲੰਬਾ ਸਮਾਂ ਇੰਤਜ਼ਾਰ ਕਰਨ ਤੋਂ ਬਾਅਦ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਵਾਪਸ ਪਰਤਦੇ ਦਿਖੇ। ਇਥੇ ਦਿਨ ਰਾਤ ਦੇ ਲਗਾਤਾਰ ਧਰਨੇ 'ਤੇ ਬੈਠੇ ਕਿਸਾਨ ਆਗੂਆਂ ਵਲੋਂ ਸਰਕਾਰ ਤੇ ਮੰਨੀਆਂ ਮੰਗਾਂ ਨੂੰ ਹੀ ਅਮਲ 'ਚ ਨਾ ਲਿਆਉਣ ਦਾ ਦੋਸ਼ ਲਗਾਇਆ। ਇਥੇ ਸਪਸ਼ਟ ਕਰ ਦਿੱਤਾ ਗਿਆ ਕਿ ਜਦੋਂ ਤੱਕ ਮੰਗਾਂ ਨੂੰ ਲਿਖਤੀ ਤੌਰ 'ਤੇ ਅਮਲੀ ਜਾਮਾਂ ਨਹੀਂ ਪਹਿਨਾਇਆ ਜਾਂਦਾ ਉਦੋਂ ਤੱਕ ਕਿਸਾਨ ਗੇਟ ਨਹੀਂ ਖੋਲ੍ਹਣਗੇ। ਸਰਕਾਰ ਵਲੋਂ ਹਰ ਵਾਰ ਨਵੀਂ ਤਾਰੀਖ਼ ਦੇਣ ਦੀ ਨੀਤੀ ਡੰਗ ਟਪਾਊ ਤੇ ਇਲੈੱਕਸ਼ਨ ਕੋਡ ਲੱਗਣ ਦਾ ਇੰਤਜ਼ਾਰ ਕਰਨ ਵਾਲੀ ਹੀ ਦੱਸੀ ਗਈ। ਇਸ ਮੌਕੇ ਜਸਵੰਤ ਸਿੰਘ ਸਦਰਪੁਰ, ਕਰਨੈਲ ਸਿੰਘ ਲੰਗ, ਜਸਵਿੰਦਰ ਸਿੰਘ ਬਰਾਸ, ਦਵਿੰਦਰ ਸਿੰਘ ਸੀਲ, ਅਵਤਾਰ ਸਿੰਘ ਫੱਗਣਮਾਜਰਾ, ਤੇਜਿੰਦਰ ਸਿੰਘ ਰਾਜਗੜ੍ਹ ਆਦਿ ਹਾਜਰ ਸਨ।

## ਪੈਟਰੋਲ ਪੰਪ ਦੇ ਕਰਿੰਦੇ ਤੋਂ ਮੋਟਰਸਾਈਕਲ ਸਵਾਰਾਂ ਨੇ 11 ਹਜ਼ਾਰ ਰੁਪਏ ਖੋਹੇ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ)-ਪਸਿਆਣਾ 'ਚ ਲੱਗੇ ਹੋਏ ਪੈਟਰੋਲ ਪੰਪ 'ਤੇ ਤੇਲ ਪਵਾਉਣ ਦਾ ਬਹਾਨਾ ਕਰਕੇ ਪੰਪ ਦੇ ਕਰੀਂਦੇ ਤੋਂ 11 ਹਜਾਰ ਰੁਪਏ ਖੋਹ ਕੇ ਫ਼ਰਾਰ ਹੋਣ ਦੇ ਮਾਮਲੇ 'ਚ ਥਾਣਾ ਪਸਿਆਣਾ ਦੀ ਪੁਲਿਸ ਨੇ ਤਿੰਨ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਉਕਤ ਸ਼ਿਕਾਇਤ ਪੰਪ 'ਤੇ ਕੰਮ ਕਰਦੇ ਅਮਰੀਕ ਸਿੰਘ ਪੁਲਿਸ ਕੋਲ ਦਰਜ ਕਰਵਾਈ ਕਿ 1 ਜਨਵਰੀ ਦੀ ਰਾਤ ਨੂੰ 10 ਵਜੇ ਦੇ ਕਰੀਬ ਤਿੰਨ ਅਣਪਛਾਤੇ ਵਿਅਕਤੀ ਪੰਪ 'ਤੇ ਤੇਲ ਪਵਾਉਣ ਲਈ ਆਏ ਸੀ। ਇਸ ਦੌਰਾਨ 500 ਰੁਪਏ ਦਾ ਤੇਲ ਪਵਾ ਕੇ ਕਾਰਡ ਦੁਆਰਾ ਪੈਸੇ ਦੇਣ ਲਈ ਕਿਹਾ, ਜਦੋਂ ਕਾਰਡ ਚਲਾਉਣ ਵਾਲ ਮਸ਼ੀਨ ਲੈਣ ਗਿਆ ਤਾਂ ਉਨ੍ਹਾਂ ਪੰਪ ਦੇ ਕਰਮਚਾਰੀ 'ਤੇ ਕੋਈ ਤਿਖ ਤਾਣ ਕੇ ਉਸ ਦਾ ਮੋਬਾਈਲ ਪੈਸਿਆਂ ਵਾਲੇ ਬੈਗ 'ਚੋਂ 11 ਹਜਾਰ ਰੁਪਏ ਲੈਕੇ ਫ਼ਰਾਰ ਹੋ ਗਏ। ਜਿਸ ਅਧਾਰ 'ਤੇ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਿਸਟਲ, ਨਸ਼ੀਲਾ ਪਾਊਡਰ ਅਤੇ ਕਾਰਤੂਸਾਂ ਸਮੇਤ ਤਿੰਨ ਕਾਬੂ

ਰਾਜਪੁਰਾ, 3 ਜਨਵਰੀ (ਰਣਜੀਤ ਸਿੰਘ) - ਸਦਰ ਪੁਲਿਸ ਨੇ ਨਾਕਾਬੰਦੀ ਦੌਰਾਨ ਤਿੰਨ ਵਿਅਕਤੀਆਂ ਨੂੰ ਪਿਸਟਲ, ਨਸ਼ੀਲਾ ਪਾਉਡਰ ਅਤੇ ਕਾਰਤੂਸਾਂ ਸਮੇਤ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਿਕ ਪੁਲਿਸ ਪਾਰਟੀ ਜਨਸੂਆ ਬੱਸ ਸਟੈਡ ਸ਼ੱਕੀ ਵਿਅਕਤੀਆਂ ਦੀ ਭਾਲ 'ਚ ਹਾਜਰ ਸੀ। ਪੁਲਿਸ ਨੇ ਇਕ ਇਤਲਾਹ ਤੇ ਕਾਰ ਸਵਾਰ ਵਿਅਕਤੀਆਂ ਕੋਲੋਂ 550 ਗਰਾਮ ਨਸ਼ੀਲਾ ਪਦਾਰਥ, ਇਕ ਪਿਸਟਲ 32 ਬੋਰ ਅਤੇ 10 ਜਿੰਦਾ ਕਾਰਤੂਸ ਅਤੇ 15000 ਰੁਪਏ ਦੀ ਨਗਦੀ ਬਰਾਮਦ ਕੀਤੀ ਹੈ। ਪੁਲਿਸ ਨੂੰ ਇਨ੍ਹਾਂ ਨੇ ਆਪਣੀ ਪਹਿਚਾਣ ਖੁਸ਼ਪ੍ਰੀਤ ਸਿੰਘ ਵਾਸੀ ਸ਼ੰਭੂ, ਮਨਦੀਪ ਸਿੰਘ ਵਾਸੀ ਹਸਨਪੁਰ ਅਤੇ ਤੇਜਿੰਦਰ ਸਿੰਘ ਵਾਸੀ ਚਤਰਨਗਰ ਦੱਸੀ ਹੈ। ਪੁਲਿਸ ਨੇ ਇਨ੍ਹਾਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਜਾਨੋਂ ਮਾਰਨ ਦੀ ਨੀਅਤ ਨਾਲ ਹਮਲਾ ਕਰਨ ਦੇ ਦੋਸ਼ 'ਚ ਪਰਚਾ ਦਰਜ

ਰਾਜਪੁਰਾ, 3 ਜਨਵਰੀ (ਰਣਜੀਤ ਸਿੰਘ) - ਸਿਟੀ ਪੁਲਿਸ ਨੇ ਜਾਨ ਤੋਂ ਮਾਰਨ ਦੀ ਨੀਅਤ ਨਾਲ ਹਮਲਾ ਕਰਨ ਦੇ ਦੋਸ਼ 'ਚ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਿਕ ਪੁਲਿਸ ਨੂੰ ਨਵੀਨ ਕੁਮਾਰ ਪੁੱਤਰ ਰਾਮ ਅਵਤਾਰ ਵਾਸੀ ਰਾਜਪੁਰਾ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦਾ ਪਿਤਾ ਨਾਲ ਭੋਗਲਾਂ ਰੋਡ ਤੇ ਅੰਡਿਆਂ ਦੀ ਰੇਹੜੀ ਲਾਉਂਦਾ ਹੈ। ਸ਼ਾਮ ਵਕਤ ਮੁੱਦਈ ਅਤੇ ਉਸ ਦਾ ਪਿਤਾ ਸਮਾਨ ਇਕੱਠਾ ਕਰਕੇ ਜਾਣ ਲੱਗੇ ਤਾਂ ਇਸੇ ਦੌਰਾਨ ਸੋਨੂੰ ਨਾਮ ਦਾ ਵਿਅਕਤੀ ਆਇਆ ਅਤੇ ਅੰਡਿਆਂ ਦੀ ਮੰਗ ਕਰਨ ਲੱਗਾ, ਇਸ ਤੇ ਮੁੱਦਈ ਦੇ ਪਿਤਾ ਨੇ ਕਿਹਾ ਕਿ ਹੁਣ ਤਾਂ ਸਮਾਨ ਇਕੱਠਾ ਕਰ ਲਿਆ ਹੈ। ਇਸ ਤੇ ਉਹ ਵਿਅਕਤੀ ਨੇ ਭੱਦੀ ਸ਼ਬਦਾਵਲੀ ਬੋਲਣਾ ਸ਼ੁਰੂ ਕਰ ਦਿਤਾ ਅਤੇ ਉਸ ਨੇ ਆਪਣੇ ਦੋਸਤ ਗੁਰਜੀਤ ਸਿੰਘ ਨੂੰ ਮੌਕੇ 'ਤੇ ਬੁਲਾ ਲਿਆ ਜਿਸ ਨਾਲ ਇਕ ਹੋਰ ਵਿਆਕਤੀ ਵੀ ਸੀ। ਸ਼ਿਕਾਇਤ ਮੁਤਾਬਕ ਮੁਦਈ ਦੇ ਪਿਤਾ ਦੀ ਕੁੱਟ ਮਾਰ ਕੀਤੀ ਅਤੇ ਡੱਬ 'ਚੋਂ ਪਿਸਟਲ ਕੱਢ ਕੇ ਜਾਨ ਤੋ ਮਾਰਨ ਦੀ ਨੀਅਤ ਨਾਲ ਫਾਇਰ ਕੀਤਾ ਜੋ ਮੁਦਈ ਦੀ ਲੱਤ ਤੇ ਲੱਗਾ ਅਤੇ ਲੋਕ ਇਕੱਠੇ ਹੋ ਗਏ। ਇਸੇ ਦੌਰਾਨ ਉਹ ਧਰਕੀਆਂ ਦਿੰਦੇ ਹੋਏ ਮੌਕੇ ਤੋਂ ਫਰਾਰ ਹੋ ਗਏ। ਮੁਦਈ ਜੇਰੇ ਇਲਾਜ ਪੀ.ਜੀ. ਆਈ. ਹੈ। ਇਸ ਸ਼ਿਕਾਇਤ ਦੇ ਆਧਾਰ ਤੇ ਪੁਲਿਸ ਨੇ ਸੋਨੂੰ ਫਾਇਨੈਸ,ਗੁਰਜੀਤ ਸਿੰਘ ਅਤੇ ਦੋ ਹੋਰ ਨਾ ਮਾਲੂਮ ਵਿਆਕਤੀਆਂ ਦੇ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਹੈ।






ਪੁਲਿਸ ਵਲੋਂ ਝਪਟ ਮਾਰੀ ਦਾ ਝੂਠਾ ਮੁਕੱਦਮਾ ਦਰਜ ਕੀਤੇ ਜਾਣ ਦੇ ਵਿਰੋਧ 'ਚ ਗੁਰਮੁੱਖ ਸਿੰਘ ਧਾਲੀਵਾਲ ਆਪਣੇ ਸਾਥੀਆਂ ਨਾਲ ਰੋਸ ਮਾਰਚ ਕਰਦੇ ਹੋਏ। ਤਸਵੀਰ : ਵਰੁਣ ਸੈਣੀ

## ਪੁਲਿਸ ਵਲੋਂ ਝਪਟਮਾਰੀ ਦਾ ਝੂਠਾ ਮੁਕੱਦਮਾ ਦਰਜ ਕੀਤੇ ਜਾਣ ਦੇ ਵਿਰੋਧ 'ਚ ਰੋਸ ਮਾਰਚ

### ਐਸ.ਐਸ.ਪੀ ਪਟਿਆਲਾ ਨੂੰ ਮਾਮਲੇ ਦੀ ਜਾਂਚ ਸੰਬੰਧੀ ਦਿੱਤਾ ਮੰਗ ਪੱਤਰ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ) - ਲੰਘੇ ਦਿਨੀਂ ਸਨੌਰੀ ਅੱਡਾ ਦੇ ਵਾਸੀ ਗੁਰਮੁਖ ਸਿੰਘ ਧਾਲੀਵਾਲ 'ਤੇ ਪੁਲਿਸ ਵਲੋਂ ਝਪਟ ਮਾਰੀ ਦਾ ਮੁਕੱਦਮਾ ਦਰਜ ਕੀਤਾ ਗਿਆ ਸੀ ਜਿਸ ਬਾਰੇ ਗੁਰਮੁੱਖ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਉਹ ਕੇਸ ਉਨ੍ਹਾਂ 'ਤੇ ਸਾਜ਼ਿਸ਼ ਅਧੀਨ ਝੂਠਾ ਦਰਜ ਕੀਤਾ ਗਿਆ ਹੈ। ਗੁਰਮੁਖ ਦਾ ਕਹਿਣਾ ਕਿ ਉਨ੍ਹਾਂ ਵਲੋਂ ਕੁਝ ਸਮਾਂ ਪਹਿਲਾਂ ਪੰਜਾਬ ਪੁਲਿਸ ਦੇ ਕੁਝ ਰਿਸ਼ਵਤਖ਼ੋਰ ਅਧਿਕਾਰੀਆਂ ਦਾ ਭਾਂਡਾ ਫ਼ੋੜਿਆ ਗਿਆ ਸੀ। ਇਸ ਤਰ੍ਹਾਂ ਰੰਜਸ਼ ਦੇ ਚੱਲਦਿਆਂ ਪੁਲਿਸ ਵਲੋਂ ਉਸ 'ਤੇ ਇਹ ਝੂਠਾ ਕੇਸ ਦਰਜ ਕੀਤਾ ਗਿਆ ਹੈ ਜਿਸ ਵਿਚ ਇਹ ਹੀ ਨਹੀਂ ਪਤਾ ਕਿ ਉਸ ਵਲੋਂ ਕਿਸ ਵਿਅਕਤੀ ਜਾਂ ਔਰਤ ਨਾਲ ਝਪਟ ਮਾਰੀ ਕੀਤੀ ਗਈ ਹੈ ਅਤੇ ਨਾ ਉਹ ਵਿਅਕਤੀ ਅਜੇ ਤੱਕ ਕਿਤੇ ਵੀ ਸਾਹਮਣੇ ਆਇਆ ਹੈ। ਗੁਰਮੁਖ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਇਸ ਕੇਸ 'ਚੋਂ ਬਰੀ ਹੋ ਜਾਣਗੇ, ਪਰ ਉਹ ਇਹ ਚਾਹੁੰਦੇ ਹਨ ਕਿ ਜਿਹੜੇ ਵਿਅਕਤੀਆਂ ਦੇ ਦਬਾਅ ਹੇਠ ਉਨ੍ਹਾਂ 'ਤੇ ਝੂਠਾ ਕੇਸ ਦਰਜ ਕਰਵਾਇਆ ਗਿਆ ਹੈ ਉਹ ਵਿਅਕਤੀ ਸਾਹਮਣੇ ਆਉਣ ਅਤੇ ਉਨ੍ਹਾਂ 'ਤੇ ਕਾਰਵਾਈ ਹੋਵੇ। ਗੁਰਮੁਖ ਦੇ ਦੱਸਣ ਮੁਤਾਬਿਕ ਜਦੋਂ ਉਨ੍ਹਾਂ ਨੂੰ ਇਸ ਝੂਠੇ ਕੇਸ 'ਚ ਪੁਲਿਸ ਵਲੋਂ ਗ੍ਰਿਫ਼ਤਾਰ ਕੀਤਾ ਗਿਆ ਤਾਂ ਪੁਲਿਸ ਵਲੋਂ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਜਿਸ ਦੀ ਵੀਡੀਓ ਉਨ੍ਹਾਂ ਦੇ ਕੋਲ ਹੈ ਜਿਸ ਵਿਚ ਸਾਫ਼ ਦਿੱਖ ਰਿਹਾ ਹੈ ਕਿ ਪੁਲਿਸ ਵਲੋਂ ਉਨ੍ਹਾਂ ਦੀ ਕੁੱਟਮਾਰ ਕਰਕੇ ਘਸੀਟਦੇ ਹੋਏ ਲਿਆਇਆ ਜਾ ਰਿਹਾ ਹੈ। ਇਸ ਸੰਬੰਧੀ ਉਨ੍ਹਾਂ ਵਲੋਂ ਅੱਜ ਆਪਣੇ ਸਹਿਯੋਗੀਆਂ ਨੂੰ ਨਾਲ ਲੈ ਕੇ ਸਨੌਰੀ ਅੱਡੇ ਤੋਂ ਐੱਸ.ਐੱਸ.ਪੀ ਦਫ਼ਤਰ ਮਿੰਨੀ ਸਕੱਤਰੇਤ ਤੱਕ ਮਾਰਚ ਕਰਕੇ ਐੱਸ.ਐੱਸ.ਪੀ ਪਟਿਆਲਾ ਨੂੰ ਮਾਮਲੇ ਦੀ ਜਾਂਚ ਸਬੰਧੀ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਸੁਸ਼ੀਲ ਨਈਅਰ, ਗੁਰਪ੍ਰੀਤ ਸਿੰਘ, ਗੁਰਧਿਆਨ ਸਿੰਘ, ਰਾਕੇਸ਼ ਵਰਮਾ, ਅਸ਼ੋਕ ਕੁਮਾਰ, ਤੇਜਿੰਦਰ ਸਿੰਘ, ਰਮਨ ਧਾਲੀਵਾਲ, ਵਿਕਰਮ, ਸੱਜਣ ਸਿੰਘ, ਸੁਰਿੰਦਰ ਪਾਲ, ਨਰਿੰਦਰ ਸਿੰਘ, ਭੁਪੇਸ਼ ਕੁਮਾਰ, ਦੀਪਕ ਕੁਮਾਰ, ਟੋਨੀ, ਇੰਦਰਜੀਤ ਸਿੰਘ, ਰਮਨਦੀਪ ਸਿੰਘ, ਗੁਰਪਾਲ ਸਿੰਘ, ਅਮਨ, ਰਵੀ ਸਿੰਘ, ਤਿਲਕ ਰਾਜ ਦਲੀਪ ਕੁਮਾਰ ਆਦਿ ਮੌਜੂਦ ਸਨ।

## ਲੋਨ ਵਾਲੀ ਕਾਰ ਵੇਚਣ ਵਾਲੇ ਖ਼ਿਲਾਫ਼ ਮਾਮਲਾ ਦਰਜ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ) - ਮੰਡੀ ਗੋਬਿੰਦਗੜ੍ਹ ਦੇ ਰਹਿਣ ਵਾਲੇ ਅਮਨਦੀਪ ਸਿੰਘ ਨੇ ਥਾਣਾ ਸਿਵਲ ਲਾਈਨ 'ਚ ਰਿਪੋਰਟ ਦਰਜ ਕਰਵਾਈ ਕਿ ਉਸ ਨੇ ਇਕ ਕਾਰ ਮਨਦੀਪ ਸਿੰਘ ਵਾਸੀ ਪਟਿਆਲਾ ਤੋਂ 5 ਲੱਖ 65 ਹਜਾਰ ਰੁਪਏ 'ਚ ਖਰੀਦੀ ਸੀ। ਇਸ ਮੌਕੇ ਮਨਦੀਪ ਸਿੰਘ ਨੇ ਉਸ ਨੂੰ ਹਲਫ਼ੀਆ ਬਿਆਨ ਦਿੱਤਾ ਜਿਸ ਕਾਰ ਸੁਖਦੇਵ ਸਿੰਘ ਵਾਸੀ ਮੋਹਾਲੀ ਦੇ ਨਾਮ 'ਤੇ ਸੀ। ਪਰੰਤੂ ਉਸ ਨੂੰ ਬਾਅਦ 'ਚ ਪਤਾ ਲੱਗਾ ਕਿ ਖਰੀਦੀ ਕਾਰ 'ਤੇ ਸੁਖਦੇਵ ਸਿੰਘ ਦੇ ਨਾਮ 'ਤੇ ਮਹਿੰਦਰਾ ਫਾਇਨਾਸ ਦਾ ਲੋਨ ਖੜਾ ਹੈ। ਜਿਸ ਅਧਾਰ 'ਤੇ ਪੁਲਿਸ ਮਨਦੀਪ ਸਿੰਘ ਅਤੇ ਸੁਖਦੇਵ ਸਿੰਘ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 420 ਤਹਿਤ ਕੇਸ ਦਰਜ ਕਰ ਲਿਆ ਹੈ।

## ਰਾਜਿੰਦਰਾ ਹਸਪਤਾਲ 'ਚ ਧਰਨੇ 'ਤੇ ਬੈਠੀਆਂ ਨਰਸਾਂ ਤੇ ਕੋਰੋਨਾ ਯੋਧਿਆਂ ਦੇ ਦੁੱਖੜੇ ਪੁੱਛਣ ਪੁੱਜੇ ਭਗਵੰਤ ਮਾਨ

ਪਟਿਆਲਾ, 3 ਜਨਵਰੀ (ਮਨਦੀਪ ਸਿੰਘ ਖਰੌੜ) - ਪਿਛਲੇ ਲੰਮੇ ਸਮੇਂ ਤੋਂ ਮੁੜ ਨੌਕਰੀ ਹਾਸਲ ਕਰਨ ਲਈ ਧਰਨੇ 'ਤੇ ਬੈਠੇ ਕੋਰੋਨਾ ਯੋਧੇ ਅਤੇ ਆਪਣੀ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੀਆ ਨਰਸਾ ਦਾ ਦੁਖੜਾ ਜਾਨਣ ਲਈ ਆਮ ਆਦਮੀ ਪਾਰਟੀ ਦੇ ਸੂਬੇ ਪ੍ਰਧਾਨ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਪੁੱਜੇ। ਇਸ ਦੌਰਾਨ ਮਾਨ ਨੇ ਕਿਹਾ ਕਿ ਪੰਜਾਬ 'ਚ ਆਮ ਆਦਮੀ ਦੀ ਸਰਕਾਰ ਆਉਣ ਉਪਰੰਤ ਉਹ ਸਿਹਤ ਕਾਮਿਆਂ ਦੀਆਂ ਮੰਗਾਂ ਪਹਿਲ ਦੇ ਅਧਾਰ 'ਤੇ ਹੱਲ ਕਰਨਗੇ। ਉਨ੍ਹਾਂ ਕਿ ਪੰਜਾਬ 'ਚ ਸਿੱਖਿਅਤ ਸਿਹਤ ਕਾਮਿਆ ਦੀ ਤੁਰੰਤ ਲੋੜ ਹੋਣ ਦੇ ਬਾਵਜੂਦ ਵੀ ਸਰਕਾਰ ਨਰਸਾਂ ਦੀ ਪੱਕੀ ਨੌਕਰੀ ਅਤੇ ਕੋਰੋਨਾ ਯੋਧਿਆਂ ਨੂੰ ਮੁੜ ਰੁਜਗਾਰ ਨਾ ਦੇਣਾ ਪੰਜਾਬ ਸਰਕਾਰ ਦੀ ਮਾੜੀ ਕਾਰਗੁਜਾਰੀ ਹੈ। ਸੰਸਦ ਮੈਂਬਰ ਭਗਵੰਤ ਮਾਨ ਨੇ ਰਾਜਿੰਦਰਾ ਹਸਪਤਾਲ 'ਚ ਧਰਨੇ 'ਤੇ ਬੈਠੀਆਂ ਨਰਸਾਂ ਦੀਆਂ ਮੰਗਾਂ ਸਬੰਧੀ ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿੰਆਂ ਕਿਹਾ ਕਿ ਇਕ ਪਾਸੇ ਕਾਂਗਰਸ ਸਰਕਾਰ ਔਰਤਾ ਨੂੰ ਅੱਠ ਸਿਲੰਡਰ ਅਤੇ 2 ਹਜਾਰ ਰੁਪਏ ਹਰ ਮਹੀਨੇ ਦੇਣ ਦੇ ਵਾਅਦੇ ਕਰ ਰਹੀ ਹੈ। ਦੂਜੇ ਪਾਸੇ ਉਨ੍ਹਾਂ ਦੇ ਰਾਜ 'ਚ ਰਾਜਿਦੰਰਾ ਹਸਪਤਾਲ ਅਤੇ ਪੰਜਾਬ ਭਰ ਸਿਹਤ ਕਾਮੇ ਆਪਣੀ ਮੰਗਾਂ ਨੂੰ ਲੈਕੇ ਪੰਜ ਸਾਲਾ ਤੋਂ ਧਰਨੇ ਲਗਾਉਂਦੇ ਆ ਰਹੇ ਹਨ। ਉਨ੍ਹਾਂ ਕਿਹਾ ਨਰਸਾਂ ਅਤੇ ਕੋਰੋਨ ਯੋਧਿਆ ਦਾ ਦੁਰਦਸ਼ਾ ਦਾ ਕਾਰਨ ਕਾਂਗਰਸ ਸਰਕਾਰ ਹੈ। ਇਸ ਦੌਰਾਨ ਪਟਿਆਲਾ ਦਿਹਾਤੀ ਤੋਂ ਉਮੀਦਵਾਰ ਡਾ. ਬਲਵੀਰ ਸਿੰਘ, ਸਨੌਰ ਤੋਂ ਉਮੀਦਵਾਰ ਹਰਮੀਤ ਸਿੰਘ ਪਠਾਣਮਾਜਰਾ, ਆਪ ਦੇ ਜ਼ਿਲ੍ਹਾ ਪ੍ਰਧਾਨ ਤੇਜਿਦੰਰ ਮਹਿਤਾ ਅਤੇ ਯੂਥ ਆਗੂ ਜਗਦੀਪ ਸਿੰਘ ਜੱਗਾ ਵੀ ਹਾਜ਼ਰ ਸੀ।



ਸਰਕਾਰੀ ਰਾਜਿੰਦਰ ਹਸਪਤਾਲ 'ਚ ਧਰਨੇ 'ਤੇ ਬੈਠੀਆਂ ਨਰਸਾਂ ਤੇ ਕੋਰੋਨਾ ਯੋਧਿਆਂ ਨਾਲ ਗੱਲਬਾਤ ਕਰਦੇ ਹੋਏ 'ਆਪ' ਦੇ ਪੰਜਾਬ ਪ੍ਰਧਾਨ ਭਗਵੰਤ ਮਾਨ। ਤਸਵੀਰ : ਵਰੁਣ ਸੈਣੀ

